

# ਖਾਲਿਸਤਾਨ ਕਾਲਿੰਗ


Khalistan Affairs Centre
956-National Press Building
Washington, DC
20045
Ph: 202-637-9210
Fax: 202-637-9211
Email: kacwashdc@yahoo.com
www.khalistan-affairs.org



ਡਾ. ਅਮਰਜੀਤ ਸਿੰਘ
ਵਾਸ਼ਿੰਗਟਨ ਡੀ. ਸੀ. ਦੀ
ਕਲਮ ਤੋਂ


## ਜੰਗ ਹਿੰਦ-ਪੰਜਾਬ 21ਵੀਂ ਸਦੀ ਵਿੱਚ ਵੀ ਜਾਰੀ...

## 24 ਵਰ੍ਹੇ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ-ਤੋਪਾਂ ਨਾਲ ਢਾਹੁਣ ਵਾਲੇ ਦਿੱਲੀ ਤਖਤ ਦੇ ਹਿੰਦੂਤਵੀ ਹਾਕਮ, ਅੱਜ ਵੀ ਪਹਿਲਾਂ ਵਾਂਗ ਸਿੱਖ ਵਿਰੋਧੀ ਡਗਰ 'ਤੇ...

## *ਕਸ਼ਮੀਰ ਦੀ ਆਜ਼ਾਦੀ ਲਈ ਜੂਝ ਰਹੀਆਂ ਜਥੇਬੰਦੀਆਂ (ਹੁਰੀਅਤ ਕਾਨਫਰੰਸ) ਦੇ ਆਗੂ ਅਲੀ ਸ਼ਾਹ ਗਿਲਾਨੀ ਨੂੰ ਅੰਮ੍ਰਿਤਸਰ ਵਿਚਲੀ ਘੱਲੂਘਾਰਾ ਕਾਨਫਰੰਸ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਕੀਤਾ ਗਿਆ ਨਜ਼ਰਬੰਦ!*

## ਘੱਲੂਘਾਰਾ ਜੂਨ-1984 ਦੌਰਾਨ ਸਿੱਖੀ ਦੀ ਆਨ-ਸ਼ਾਨ ਦੀ ਰਾਖੀ ਲਈ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਨੂੰ ਲਹੂ ਭਿੱਜਿਆ ਕੇਸਰੀ ਪ੍ਰਣਾਮ!

ਵਾਸ਼ਿੰਗਟਨ (ਡੀ. ਸੀ.) 4 ਜੂਨ, 2008 – ਜੂਨ-2008 ਦੇ ਪਹਿਲੇ ਹਫਤੇ ਘੱਲੂਘਾਰਾ-84 ਨੂੰ ਵਾਪਰਿਆਂ ਪੂਰੇ 24 ਸਾਲ ਹੋ ਜਾਣੇ ਹਨ। ਭਾਵੇਂ ਮਨੋਵਿਗਿਆਨ ਦੇ ਡਾਕਟਰਾਂ ਅਨੁਸਾਰ ਕਿਸੇ ਵੀ ਦੁਖਾਂਤਕ ਸਦਮੇ ਦੀ ਯਾਦ ਦੀ ਉਮਰ ਵੱਧ ਤੋਂ ਵੱਧ ਛੇ ਮਹੀਨੇ ਹੁੰਦੀ ਹੈ ਪਰ 24 ਸਾਲ ਬੀਤ ਜਾਣ ਬਾਅਦ ਵੀ ਇਸ ਹਫ਼ਤੇ ਵਿੱਚ ਹਰ ਗੁਰਸਿੱਖ ਮਾਈ-ਭਾਈ ਨੂੰ ਟੈਂਕ ਹਰਿਮੰਦਰ ਸਾਹਿਬ ਦੀਆਂ ਪਰਕਰਮਾ ਅੰਦਰ ਨਹੀਂ, ਆਪਣੀ ਛਾਤੀ 'ਤੇ ਚੜ੍ਹੇ ਮਹਿਸੂਸ ਹੁੰਦੇ ਹਨ। ਤੋਪਾਂ ਦੇ ਗੋਲੇ ਅਕਾਲ ਤਖਤ ਸਾਹਿਬ 'ਤੇ ਨਹੀਂ ਪਰ ਆਪਣੇ ਸਾਰੇ ਵਜੂਦ 'ਤੇ ਡਿੱਗਦੇ ਮਹਿਸੂਸ ਹੁੰਦੇ ਹਨ! ਖਾਲਸਾ ਪੰਥ ਦੀ ਆਨ-ਸ਼ਾਨ ਲਈ ਆਵਾਜ਼ ਬੁਲੰਦ ਕਰਨ ਵਾਲੇ, 20ਵੀਂ ਸਦੀ ਦੇ ਮਹਾਨ ਸਿੱਖ, ਪੂਰਨ ਸੰਤ-ਸਿਪਾਹੀ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਸੁਨੇਹਾ ਕੌਮ ਨੂੰ ਬੜੀ ਚੰਗੀ ਤਰ੍ਹਾਂ ਯਾਦ ਹੈ – 'ਜਿਸ ਦਿਨ ਹਰਿਮੰਦਰ ਸਾਹਿਬ ਦੀ ਪਰਕਰਮਾ ਵਿੱਚ ਭਾਰਤੀ ਫੌਜ ਨੇ ਪੈਰ ਪਾਇਆ, ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ!' ਸੰਤ ਜੀ ਦੀ ਸਿੰਘ-ਗਰਜਣਾ ਅੱਜ ਵੀ ਕੌਮੀ ਆਜ਼ਾਦੀ ਦੇ ਪ੍ਰਵਾਨਿਆਂ

ਨੂੰ ਖਾਲਿਸਤਾਨ ਦੀ ਸ਼ਮ੍ਹਾਂ 'ਤੇ ਕੁਰਬਾਨ ਹੋਣ ਲਈ ਪ੍ਰੇਰਿਤ ਕਰ ਰਹੀ ਹੈ। ਅਕਾਲ ਤਕਤ ਦੀ ਰਾਖੀ ਕਰਦਿਆਂ ਸ਼ਹੀਦੀ ਪਾਉਣ ਵਾਲੇ ਜਰਨਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ ਤੇ ਉਨ੍ਹਾਂ ਦੇ ਸੈਂਕੜਿਆਂ ਸਾਥੀਆਂ ਦੀ ਯਾਦ-ਖਾਲਿਸਤਾਨ ਦੇ ਸਿਪਾਹ ਸਿਲਾਰਾਂ ਦੇ ਰਾਹ ਨੂੰ ਰੁਸ਼ਨਾ ਰਹੀ ਹੈ। ਧਰਮ ਹੇਤ ਕੁਰਬਾਨੀਆਂ ਕਰਨ ਵਾਲੇ, ਇਤਿਹਾਸ ਤੇ ਲੋਕ ਯਾਦ ਦਾ ਅਮਿੱਟ, ਅਮਰ ਹਿੱਸਾ ਬਣ ਜਾਂਦੇ ਹਨ।

ਭਾਰਤ ਦੇ ਬ੍ਰਾਹਮਣਵਾਦੀ ਜ਼ਾਲਮ ਸਾਮਰਾਜ ਦੀ ਮਲਿਕਾ ਇੰਦਰਾ ਗਾਂਧੀ ਨੇ ਖਾਲਸਾ ਪੰਥ ਨੂੰ ਵੰਗਾਰ ਕੇ ਆਪਣੀ ਜਾਨ ਤੋਂ ਤਾਂ ਹੱਥ ਧੋਣੇ ਹੀ ਸਨ, ਉਸ ਨੇ ਭਾਰਤਵਰਸ਼ ਨਾਂ ਦੇ ਦੇਸ਼ ਨੂੰ ਸਫਾਇ-ਹਸਤੀ ਤੋਂ ਮਿਟਾਉਣ ਦਾ ਰਾਹ ਵੀ ਪੱਧਰਾ ਕਰ ਦਿੱਤਾ। ਕੌਮ ਨੂੰ ਆਪਣੇ ਅਣਖੀ ਸਪੁੱਤਰਾਂ ਭਾਈ ਬੇਅੰਤ ਸਿੰਘ-ਭਾਈ ਸਤਵੰਤ ਸਿੰਘ 'ਤੇ ਬੜਾ ਮਾਣ ਹੈ, ਜਿਨ੍ਹਾਂ ਨੇ 'ਇੰਦਰਾ ਪਾਪਣ' ਦਾ ਅੰਤ ਕਰਕੇ -ਨਹਿਰੂ ਖਾਨਦਾਨ ਬਰਾਂਡ ਡਿਕਟੇਟਰਸ਼ਿਪ ਦੀ ਧੁੰਨੀ ਵਿੱਚ ਤੀਰ ਮਾਰਿਆ ਸੀ। ਬੇ-ਗੁਨਾਹ ਭਾਈ ਕਿਹਰ ਸਿੰਘ ਨੂੰ ਫਾਂਸੀ ਦੇਣਾ ਇਨ੍ਹਾਂ ਦੇ ਇਨਸਾਫ ਦਾ ਜਨਾਜ਼ਾ ਉੱਠਣਾ ਸੀ। ਇੱਕ ਤਾਮਿਲ ਭੈਣ ਧੇਨੂੰ ਨੇ ਰਾਜੀਵ ਨੂੰ ਬਿਲੇ ਲਾ ਕੇ ਬਾਕੀ ਰਹਿੰਦਾ ਕੰਮ ਨਿਬੇੜਿਆ। ਭਾਵੇਂ ਅੱਜ ਭਾਰਤ ਦਾ ਨਕਸ਼ਾ-ਆਮ ਵੇਖਣ ਵਾਲੇ ਨੂੰ ਇਕਸਾਰ ਨਜ਼ਰ ਆਉਂਦਾ ਹੈ ਪਰ ਥੋੜੀ ਜਿਹੀ ਇਕਾਗਰਤਾ ਨਾਲ ਵੇਖਣ ਵਾਲਾ ਇਸ 'ਚੋਂ 15 ਤੋਂ ਜ਼ਿਆਦਾ ਦੇਸ਼ ਉਭਰਦੇ ਸਪੱਸ਼ਟ ਦੇਖ ਸਕਦਾ ਹੈ। ਖਾਲਿਸਤਾਨੀ ਇਨਕਲਾਬ ਨੇ ਬ੍ਰਾਹਮਣਵਾਦੀ ਸਾਮਰਾਜ ਦੇ ਅੰਤ ਦਾ ਮੁੱਢ ਬੰਨ੍ਹਿਆ ਹੈ। ਸਾਰਾ ਹਿੰਦੋਸਤਾਨ ਬਾਰੂਦ ਦੇ ਢੇਰ 'ਤੇ ਬੈਠਾ ਸਪੱਸ਼ਟ ਨਜ਼ਰ ਆ ਰਿਹਾ ਹੈ, ਜਿਸ ਦੇ ਧਮਾਕੇ ਨਾਲ ਇਸ ਨੇ ਟੁੱਕੜੇ ਟੁੱਕੜੇ ਹੋਣਾ ਹੀ ਹੋਣਾ ਹੈ।

ਘੱਲੂਘਾਰਾ ਹਫਤੇ ਦੀ ਯਾਦ ਵਿੱਚ ਉਨ੍ਹਾਂ ਹਜ਼ਾਰਾਂ ਧਰਮੀ ਫੌਜੀਆਂ ਦੀ ਮਹਾਨ ਕੁਰਬਾਨੀ ਨੂੰ ਕੌਮ ਕਿਵੇਂ ਭੁੱਲ ਸਕਦੀ ਹੈ, ਜਿਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਅਪਮਾਨ ਦੀ ਖਬਰ ਸੁਣਦਿਆਂ ਹੀ ਸ੍ਰੀ ਅੰਮ੍ਰਿਤਸਰ ਵੱਲ ਚਾਲੇ ਪਾ ਦਿੱਤੇ। ਕਿੰਨੀ ਪਵਿੱਤਰ ਭਾਵਨਾ ਤੇ ਗੁਰੂ ਪਿਆਰ ਵਿੱਚ ਗੜੁੱਚ ਸਨ ਇਹ ਰੂਹਾਂ, ਜਿਨ੍ਹਾਂ ਨੇ ਬਦਲਾ ਭਾਵਨਾ ਵੱਸ ਕਿਸੇ ਮਾਸੂਮ 'ਤੇ ਗੋਲੀ ਨਹੀਂ ਚਲਾਈ, ਬੱਸ ਮੂੰਹ ਅੰਮ੍ਰਿਤਸਰ ਵੱਲ ਕਰਕੇ ਤੁਰ ਗਏ। ਸੈਂਕੜੇ ਰਸਤੇ ਵਿੱਚ ਸ਼ਹੀਦ ਕਰ ਦਿੱਤੇ ਗਏ, ਕਈ ਕੈਦੀ ਬਣਾ ਲਏ ਗਏ। ਰਾਮਗੜ੍ਹ, ਅਸਾਮ, ਪੂਨਾ, ਪੁੰਛ, ਗੰਗਾਨਗਰ ਆਦਿ ਹਜ਼ਾਰਾਂ ਮੀਲ ਦੂਰ ਦੁਰਾਡੀਆਂ ਥਾਵਾਂ ਤੋਂ ਤੁਰੇ ਇਨ੍ਹਾਂ ਗੁਰੂ ਪਿਆਰਿਆਂ ਨੂੰ ਪਤਾ ਸੀ ਕਿ ਉਨ੍ਹਾਂ ਨੂੰ ਕਿਸੇ ਨੇ ਅੰਮ੍ਰਿਤਸਰ ਪਹੁੰਚਣ ਨਹੀਂ ਦੇਣਾ ਪਰ ਇਥੇ ਤਾਂ ਸੀਨੇ ਖਿੱਚ ਖਾਧੀ ਵਾਲੇ ਗੁਰੂ ਦੇ ਮੁਰੀਦ ਸਨ, ਜਿਹੜੇ ਸ੍ਰੀ ਹਰਿਮੰਦਰ ਸਾਹਿਬ ਦੇ ਨਾਂ ਤੋਂ ਕੁਰਬਾਨ ਹੋਣਾ ਲੋਚਦੇ ਸਨ। ਇਹ ਖਾਲਸਾ ਜੀ ਦੇ ਚਮਕਦੇ ਸਿਤਾਰੇ ਹਨ। ਜਿਨ੍ਹਾਂ ਤੋਂ ਆਉਣ ਵਾਲੀਆਂ ਸਿੱਖ ਨਸਲਾਂ ਵੀ ਪ੍ਰੇਰਨਾ ਲੈਂਦੀਆਂ ਰਹਿਣਗੀਆਂ।

ਜੰਗ ਅਜੇ ਜਾਰੀ ਹੈ। ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ ਨੇ ਜਨਰਲ ਵੈਦਿਆ ਨੂੰ ਜਮਪੁਰੀ ਪਹੁੰਚਾ ਕੇ 'ਖਾਲਿਸਤਾਨ ਜ਼ਿੰਦਾਬਾਦ' ਕਹਿੰਦਿਆਂ ਗਲਾਂ ਵਿੱਚ ਫਾਂਸੀ ਦੇ ਰੱਸੇ ਪਾਏ ਸਨ। ਕੌਮ ਨੂੰ ਇਸ ਮੌਕੇ ਸੁਨੇਹਾ ਵੀ ਇਹ ਹੀ ਦਿੱਤਾ ਸੀ ਕਿ 'ਖਾਲਿਸਤਾਨ ਦੀ ਕਾਇਮੀ ਤੱਕ ਆਰਾਮ ਨਾਲ ਨਹੀਂ ਬੈਠਣਾ।' ਅਜੇ ਕੱਲ੍ਹ ਦੀ ਗੱਲ ਹੈ ਕਿ ਕਿਵੇਂ ਭਾਈ ਦਿਲਾਵਰ ਸਿੰਘ ਸੂਰਮੇ ਨੇ ਪੰਜਾਬ ਦੇ ਜ਼ਾਲਮ ਸੂਬੇਦਾਰ ਬੇਅੰਤੇ ਦਾ ਅੰਤ ਉਸ ਦੇ ਸਭ ਤੋਂ ਸੁਰੱਖਿਅਤ ਕਿਲ੍ਹੇ ਵਿੱਚ ਕੀਤਾ। ਇਨ੍ਹਾਂ 24 ਵਰ੍ਹਿਆਂ ਵਿੱਚ ਡੇਢ ਲੱਖ ਤੋਂ ਜ਼ਿਆਦਾ ਸ਼ਹੀਦੀਆਂ ਕੌਮੀ ਘਰ ਬਨਾਉਣ ਲਈ ਹੋ ਚੁੱਕੀਆਂ ਹਨ। ਇਨ੍ਹਾਂ 24 ਵਰ੍ਹਿਆਂ ਵਿੱਚ, ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੇ ਅਕਾਲੀ ਦਲ ਨੇ, ਆਪਣੇ ਨੱਕ ਵਿੱਚ ਆਪ ਹੀ ਨੱਥ ਪਾ ਕੇ, ਇਸ ਦੀ ਰੱਸੀ ਬੀ. ਜੇ. ਪੀ. ਨੂੰ ਫੜਾਈ ਹੋਈ ਹੈ। ਪੰਥਕ ਭਾਵਨਾ ਨਾਲ ਓਤਪੋਤ ਸਿੰਘ ਭਾਵੇਂ ਕਈਆਂ ਨੂੰ ਸ਼ਾਂਤ ਸਮੁੰਦਰ ਜਾਪਦੇ ਹਨ ਪਰ ਇਹ ਚਿੰਗਾਰੀਆਂ ਭਾਂਬੜ ਬਣ ਕੇ ਮੱਚਣ ਦੀ ਤੌਫੀਕ ਰੱਖਦੀਆਂ ਹਨ।

24 ਵਰ੍ਹੇ ਬੀਤਣ ਬਾਅਦ ਵੀ ਭਾਰਤੀ ਹਿੰਦੂਤੰਤਰ ਵਿੱਚ ਸਿੱਖਾਂ ਲਈ ਕੁਝ ਵੀ ਨਹੀਂ ਬਦਲਿਆ। ਇਸ ਦੀ ਇੱਕ ਸੱਜਰੀ ਉਦਾਹਰਣ ਕਸ਼ਮੀਰੀ ਆਗੂ ਸਈਅਦ ਅਲੀ ਸ਼ਾਹ ਗਿਲਾਨੀ ਦੀ ਨਜ਼ਰਬੰਦੀ ਹੈ। ਵਰਨਣਯੋਗ ਹੈ ਕਿ ਦਲ ਖਾਲਸਾ ਜਥੇਬੰਦੀ (ਜਿਹੜੀ ਕਿ ਸਿੱਖਾਂ ਲਈ ਆਤਮ-ਨਿਰਣੇ ਦੇ ਹੱਕ ਦੀ ਪ੍ਰਾਪਤੀ ਲਈ ਲੰਮੇ ਸਮੇਂ ਤੋਂ ਲੋਕਤੰਤਰੀ ਢੰਗ ਨਾਲ ਜੱਦੋਜਹਿਦ ਕਰ ਰਹੀ ਹੈ) ਵਲੋਂ 4 ਜੂਨ ਨੂੰ, ਘੱਲੂਘਾਰਾ ਹਫਤੇ ਦੀ 24ਵੀਂ ਵਰ੍ਹੇਗੰਢ ਦੀ ਯਾਦ ਨੂੰ ਸਮਰਪਿਤ ਸ੍ਰੀ ਅੰਮ੍ਰਿਤਸਰ ਵਿੱਚ ਇੱਕ ਕਾਨਫਰੰਸ 'ਘੱਟਗਿਣਤੀਆਂ ਦੇ ਧਾਰਮਿਕ ਅਸਥਾਨਾਂ 'ਤੇ ਹਮਲੇ ਵਿਸ਼ੇ 'ਤੇ ਰੱਖੀ ਗਈ ਸੀ। ਇਸ ਕਾਨਫਰੰਸ ਦੀ ਪ੍ਰਧਾਨਗੀ, ਕਸ਼ਮੀਰੀ ਅਜ਼ਾਦੀ-ਪਸੰਦ ਜਥੇਬੰਦੀਆਂ ਦੀ ਸਿਖਰ ਜਥੇਬੰਦੀ (ਅੰਬਰੇਲਾ ਆਰਗੇਨਾਈਜੇਸ਼ਨ) ਹੁਰੀਅਤ ਕਾਨਫਰੰਸ ਦੇ ਬਜ਼ੁਰਗ ਮੁਖੀ ਸਈਅਦ ਅਲੀ ਸ਼ਾਹ ਗਿਲਾਨੀ ਨੇ ਕਰਨੀ ਸੀ। ਉਨ੍ਹਾਂ ਨੇ ਸ੍ਰੀ ਨਗਰ ਤੋਂ ਦਿੱਲੀ ਹਵਾਈ ਜਹਾਜ਼ ਰਾਹੀਂ ਜਾਣਾ ਸੀ ਅਤੇ ਫਿਰ ਉਥੇ ਮੈਡੀਕਲ ਚੈੱਕਅੱਪ ਤੋਂ ਬਾਅਦ, ਉਨ੍ਹਾਂ ਨੇ ਟਰੇਨ ਰਾਹੀਂ ਸ੍ਰੀ ਅੰਮ੍ਰਿਤਸਰ ਪਹੁੰਚਣਾ ਸੀ। ਪਰ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਹੁਕਮਾਂ 'ਤੇ ਜੰਮੂ-ਕਸ਼ਮੀਰ ਸਰਕਾਰ ਨੇ, ਉਨ੍ਹਾਂ ਦੇ ਆਪਣੇ ਘਰ ਸੋਪੋਰ (ਸ੍ਰੀ ਨਗਰ) ਵਿੱਚ ਹੀ ਨਜ਼ਰਬੰਦ ਕਰ ਦਿੱਤਾ ਹੈ। ਉਨ੍ਹਾਂ ਦੇ ਘਰ ਦੇ ਬਾਹਰ 30 ਸੁਰੱਖਿਆ ਕਰਮਚਾਰੀ ਘੇਰਾ ਪਾਈ ਬੈਠੇ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਮਹਾਰਾਸ਼ਟਰ ਵਿਚਲੇ ਬਾਲ ਠਾਕਰੇ ਤੇ ਰਾਜ ਠਾਕਰੇ ਵਰਗੇ ਸ਼ਿਵ ਸੈਨਾ ਦੇ ਹਿੰਦੂ ਦਹਿਸ਼ਤਗਰਦ ਨੇਤਾ, ਜਿਨ੍ਹਾਂ ਨੇ ਬਿਹਾਰੀਆਂ ਤੇ ਯੂ. ਪੀ. ਵਾਲਿਆਂ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ ਅਤੇ ਹੁਣ ਪੂਨੇ 'ਚ ਪੜ੍ਹਨ ਆਉਣ ਵਾਲੇ ਗੈਰ-ਮਰਾਠਾ ਵਿਦਿਆਰਥੀਆਂ ਨੂੰ ਵੀ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ- ਉਹ ਤਾਂ 'ਅਜ਼ਾਦੀ ਨਾਲ' ਘੁੰਮ ਫਿਰ ਕੇ ਆਪਣੇ ਫਿਰਕੂ ਅਤੇ ਇਲਾਕਾਈ ਜ਼ਹਿਰ ਨੂੰ, ਲੋਕਾਂ ਵਿੱਚ ਫੈਲਾ ਸਕਦੇ ਹਨ ਪਰ ਘੱਟ-ਗਿਣਤੀਆਂ ਦੇ ਨੁਮਾਇੰਦੇ, ਆਪਸ ਵਿੱਚ ਮਿਲ ਬੈਠ ਕੇ, ਸ਼ਾਂਤਮਈ ਮਾਹੌਲ ਵਿੱਚ ਗੱਲਬਾਤ ਵੀ ਨਹੀਂ ਕਰ ਸਕਦੇ। ਘੱਟਗਿਣਤੀਆਂ ਦਾ ਆਪਸ ਵਿੱਚ ਮਿਲਣਾ ਹੀ 'ਦੇਸ਼-ਧ੍ਰੋਹ' ਜਾਂ 'ਰਾਸ਼ਟਰੀ

ਏਕਤਾ ਨੂੰ ਖਤਰਾ' ਬਣਾ ਦਿੱਤਾ ਜਾਂਦਾ ਹੈ। ਜੇ ਲੋਕਾਂ ਤੋਂ ਆਪਣੀਆਂ ਰਾਜਸੀ ਉਮੰਗਾਂ ਅਤੇ ਉਨ੍ਹਾਂ ਨਾਲ ਹੋ ਰਹੇ ਵਿਤਕਰਿਆਂ ਦਾ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਦਾ ਹੱਕ ਵੀ ਖੋਹ ਲਿਆ ਜਾਂਦਾ ਹੈ ਤਾਂ ਜ਼ਾਹਰ ਹੈ ਕਿ ਉਹ ਸੰਘਰਸ਼ ਦਾ ਕੋਈ ਹੋਰ ਰਸਤਾ ਹੀ ਅਪਨਾਉਣਗੇ। ਇਸ ਥਿਊਰੀ ਨੂੰ ਸਿਰਫ ਸਿੱਖ ਫਿਲਾਸਫੀ ਹੀ ਮਾਨਤਾ ਨਹੀਂ ਦਿੰਦੀ ਸਗੋਂ 193 ਦੇਸ਼ਾਂ ਦੀ ਪ੍ਰਤੀਨਿਧਤਾ ਕਰਕੇ ਯੂਨਾਇਟਿਡ ਨੇਸ਼ਨਜ਼ ਵਲੋਂ ਪ੍ਰਵਾਨਿਤ (10 ਦਸੰਬਰ, 1948 ਨੂੰ) ਚਾਰਟਰ ਆਫ ਹਿਊਮਨ ਰਾਈਟਸ ਦੀ ਭੂਮਿਕਾ (ਪ੍ਰੀ ਐਂਬਲ) ਵਿੱਚ ਲਿਖਿਆ ਹੋਇਆ ਹੈ – 'ਜੇ ਕਿਸੇ ਵੀ ਮਨੁੱਖ ਨੂੰ, ਆਪਣੇ ਹੱਕਾਂ ਦੀ ਰਾਖੀ ਲਈ ਅਖੀਰਲੇ ਹਥਿਆਰ-ਬਗਾਵਤ ਦੇ ਰਸਤੇ 'ਤੇ ਪੈਣ ਤੋਂ ਰੋਕਣਾ ਹੈ ਤਾਂ ਉਸ ਦੇ ਮਨੁੱਖੀ ਹੱਕ, ਕਾਨੂੰਨੀ ਪ੍ਰਕਿਰਿਆ ਦੇ ਰਾਜ ਨਾਲ ਸੁਰੱਖਿਅਤ ਕੀਤੇ ਜਾਣੇ ਚਾਹੀਦੇ ਹਨ।

(If a man is not to be compelled as a last resort to rebellion his human rights must be protected by the rule of the law.

ਯੂਨਾਇਟਿਡ ਨੇਸ਼ਨਜ਼ ਦਾ ਇਹ ਸਿਧਾਂਤ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਸਾਹਿਬ, ਵਲੋਂ 'ਜ਼ਫਰਨਾਮੇ' ਵਿੱਚ ਔਰੰਗਜੇਬ ਨੂੰ ਲਿਖੇ ਇਸ ਸ਼ਿਅਰ ਦਾ, ਲੱਗਭਗ ਅੰਗਰੇਜ਼ੀ ਤਰਜ਼ਮਾ ਹੀ ਹੈ –

'ਚੂੰ ਕਾਰ ਅਜ਼ ਹਮਾ ਹੀਲਤੇ,<br>
ਦਰ ਗੁਜ਼ਸ਼ਤ!<br>
ਹਲਾਲ ਅਸਤ ਬੁਰਦਨ ਬ<br>
ਸ਼ਮਸ਼ੀਰ ਦਸਤ'

ਸਿੱਖੀ ਆਨ-ਸ਼ਾਨ ਦੇ ਰਾਖਿਆਂ ਦੀ ਯਾਦ ਵਿੱਚ ਜਿਥੇ ਅਸੀਂ ਆਪਣਾ ਸੀਸ ਝੁਕਾਉਂਦੇ ਹਾਂ, ਉਥੇ ਇਹ ਪ੍ਰਣ ਵੀ ਕਰੀਏ ਕਿ ਖਾਲਿਸਤਾਨ ਦੀ ਪ੍ਰਾਪਤੀ ਤੱਕ ਆਪਣਾ ਸੰਘਰਸ਼ ਜਾਰੀ ਰੱਖਾਂਗੇ। ਇਸ ਲਈ ਤਾਰੀ ਜਾਣ ਵਾਲੀ ਕੋਈ ਵੀ ਕੀਮਤ ਬਹੁਤ ਜ਼ਿਆਦਾ ਨਹੀਂ ਹੈ। ਸ਼ਹੀਦਾਂ ਨੇ ਆਪਣੀ ਸ਼ਹਾਦਤ ਨਾਲ ਖਾਲਿਸਤਾਨ ਦੀਆਂ ਨੀਹਾਂ ਨੂੰ ਪੱਕਿਆਂ ਕੀਤਾ ਹੈ। ਅਜੇ ਸਾਡੇ ਜ਼ਿੰਮੇ ਸ਼ਹੀਦਾਂ ਦਾ ਕਰਜ਼ ਬਾਕੀ ਹੈ। ਪਿਛਲੇ ਵਰ੍ਹੇ ਦੌਰਾਨ, ਡੇਰਾ ਕੂੜ ਸੌਦਾ ਸਿਰਸਾ ਦੇ ਮਾਮਲੇ ਨੇ, ਜਿਥੇ ਭਾਰਤ ਸਰਕਾਰ, ਪ੍ਰਿੰਟ ਤੇ ਇਲੈਕਟ੍ਰਾਨਿਕ ਮੀਡੀਏ ਦੀ ਹਿੰਦੂ ਜ਼ਹਿਨੀਅਤ ਨੂੰ ਇੱਕ ਵਾਰ ਫੇਰ ਬੇਨਕਾਬ ਕੀਤਾ ਹੈ, ਉਥੇ 26 ਮਿਲੀਅਨ ਸਿੱਖ ਕੌਮ ਨੇ ਵੀ ਪੂਰੀ 'ਭਾਵਨਾਤਮਕ ਏਕਤਾ' ਦਾ ਵਿਖਾਵਾ ਕੀਤਾ ਹੈ। ਜੂਨ-1984 ਦੇ ਘੱਲੂਘਾਰੇ ਤੋਂ ਬਾਅਦ, ਸ਼ਾਇਦ ਇਹ ਪਹਿਲਾ ਮੌਕਾ ਹੈ ਜਦੋਂਕਿ ਦੁਨੀਆ ਭਰ ਵਿੱਚ ਵਸਦੀ ਸਿੱਖ ਕੌਮ ਨੇ ਹਰ ਥਾਂ ਰੋਸ ਵਿਖਾਵੇ ਕਰਕੇ, ਆਪਣੇ ਗੁਰੂ ਨੂੰ ਪੂਰਨ ਸਮਰਪਿਤ ਹੋਣ ਦਾ ਸਬੂਤ ਦਿੱਤਾ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲਾ ਅਕਾਲੀ ਦਲ, ਪਹਿਲਾਂ ਵਾਂਗ ਹੀ ਸਿੱਖ ਕੌਮ ਦੀਆਂ ਭਾਵਨਾਵਾਂ ਭੜਕਾ ਕੇ ਮੁੜ ਹਿੰਦੂਤਵੀਆਂ ਦੀ ਝੋਲੀ ਹੀ ਪਿਆ ਹੈ। ਪਰ ਵੇਖਣਾ ਇਹ ਹੈ ਕਿ ਕੀ ਪੰਜਾਬ ਵਿਚਲੀਆਂ, ਸੰਘਰਸ਼-ਪੱਖੀ ਪੰਥਕ ਧਿਰਾਂ ਇਸ ਕੌਮੀ ਉਭਾਰ ਨੂੰ ਕਿਸੇ ਰਾਜਸੀ – ਨਿਸ਼ਾਨਾ ਪ੍ਰਾਪਤੀ ਵੱਲ ਮੋੜ ਸਕਣਗੀਆਂ? 24 ਵਰ੍ਹੇ ਬੀਤਣ ਬਾਅਦ, ਸਿੱਖ ਜਵਾਨੀ ਇੱਕ ਵਾਰ ਫਿਰ ਗੁਰੂ-ਪਿਆਰ ਦੇ ਹੁਲਾਰ ਵਿੱਚ ਹੈ ਪਰ ਜੇ ਇਸ ਨੂੰ ਸਿਆਣੀ ਲੀਡਰਸ਼ਿਪ ਵਲੋਂ ਕੋਈ ਦਿਸ਼ਾ-ਨਿਰਦੇਸ਼ ਨਾ ਦਿੱਤਾ ਗਿਆ ਤਾਂ ਭਾਰਤੀ ਖੁਫੀਆ ਏਜੰਸੀਆਂ, ਇਸ ਸਥਿਤੀ ਨੂੰ ਮੁੜ ਆਪਣੇ ਹੱਕ ਵਿੱਚ ਵੀ ਭੁਗਤਾ ਸਕਦੀਆਂ ਹਨ, ਜਿਵੇਂ ਕਿ ਉਨ੍ਹਾਂ ਨੇ ਪਹਿਲਾਂ ਕੀਤਾ ਸੀ। ਅਖੌਤੀ 'ਹਿੰਸਾ' ਅਤੇ ਪੰਜਾਬ ਦੇ 'ਅਮਨ-ਚੈਨ' ਦੇ ਨਾਂ ਹੇਠ, ਭਵਿੱਖ ਵਿੱਚ, ਸਿੱਖ ਨਸਲਕੁਸ਼ੀ ਦੇ ਅਗਲੇ ਦੌਰ ਦੀ ਆਰੰਭਤਾ ਹੋ ਸਕਦੀ ਹੈ। ਦੇਸ਼-ਵਿਦੇਸ਼ ਵਿਚਲੇ ਪੰਥ ਦਰਦੀ ਸੂਝਵਾਨਾਂ ਗੁਰਸਿੱਖ ਵੀਰ-ਭੈਣਾਂ ਸਿਰ ਜੋੜ ਕੇ ਬੈਠਣ ਅਤੇ ਉਨ੍ਹਾਂ ਵਲੋਂ ਗੁਰੂ ਵਲੋਂ ਬਖਸ਼ੇ ਇਸ 'ਭਾਵਨਾਤਮਕ ਏਕਤਾ' ਦੇ ਸਮੇਂ, ਕੌਮੀ ਘਰ-ਖਾਲਿਸਤਾਨ ਦੀ ਪ੍ਰਾਪਤੀ ਲਈ ਗੰਭੀਰ, ਨਿੱਗਰ ਅਤੇ ਦੂਰ-ਰਸੀ ਪ੍ਰਭਾਵਾਂ ਵਾਲੀ ਰਣਨੀਤੀ ਬਣਾਈ ਜਾਵੇ। ਕੀ ਅਸੀਂ ਇਸ ਮੌਕੇ ਨੂੰ ਸੰਭਾਲਾਂਗੇ?